12

The Divine Word

Prof Dr Harnam Singh Shan
Principal Project Investigator
U G C. Research Project on Sikhism
605, Sector 16 Chandigarh.

Released on the occasion of the

FIRST FOUNDATION DAY CELEBRATIONS

NOVEMBER 24, 1970

GURU NANAK UNIVERSITY

AMRITSAR.

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

There is but one God whose name is true, the creator, devoid of fear and enmity, immortal, unborn, self-existent, by the favour of the Guru.

ओंकार स्वरूप भगवान् एक है, वह सत्य नाम वाला है, [सृष्टि का] कर्त्ता है, सर्वशक्तिमान् है, भय तथा वैर से रहित है, कालातीत स्वरुप वाला है, तथा अयोनि एवं स्वयंभू वह गुरु की कृपा से प्राप्य है।

ਵਾਹਿਗੁਰੂ ਇਕ ਹੈ, ਉਸਦਾ ਨਾਮ ਸਚ ਹੈ, ਉਹ ਕਰਤਾ ਪੁਰਖ ਹੈ, ਭੈ ਤੇ ਵੈਰ ਤੋਂ ਰਹਿਤ ਹੈ, ਅਬਿਨਾਸੀ ਹੈ, ਜੂਨਾਂ ਤੋਂ ਰਹਿਤ ਹੈ, ਸ੍ਵੈ-ਪ੍ਰਕਾਸ਼ ਹੈ, ਗੁਰੂ ਦੀ ਕਿਰਪਾ ਨਾਲ (ਮਿਲਦਾ ਹੈ)।

Sri Satguru Jagjit Singh Ji eLibrary NamdhariElibrary@gmail.com

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥
(ਜਪੁਜੀ)

How to be truthful and how to break the wall of falsehood ?

Nanak says, by following the path of obedience and resignation to the Will of the Supreme Being, as preordained.

हम कैसे सच्चे बनें तथा कैसे झूठ के पर्दे का नाश करें ? गुरु नानक कहते हैं - मनुष्य के अंतःकरण में अंकित भगवान् की आज्ञा एवं इच्छा के अनुसार चलने से यह संभव है ।

ਕਿਵੇਂ ਸਚਿਆਰੇ ਹੋਈਏ ਅਤੇ ਕਿਵੇਂ ਝੂਠ ਦੀ ਕੰਧ ਤੋੜੀ ਜਾਏ ? ਵਾਹਿਗੁਰੂ ਦੀ ਹੁਕਮ ਰਜ਼ਾ, ਜੋ ਮਨੁਖ ਦੇ ਅੰਤਹਕਰਨ ਵਿਚ ਅੰਕਿਤ ਹੈ, ਵਿਚ ਚਲਣ ਨਾਲ (ਇਹ ਸੰਭਵ ਹੈ) ।

Sri Satguru Jagjit Singh Ji eLibrary NamdhariElibrary@gmail.com

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੇ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥
(ਸਿਰੀ ਰਾਗੁ)

The lowliest of the lowly, the lowest of the low-born,
Sayeth Nanak, I am with them a friend and a companion;
What have I to do with the high and the great?
Where the lowly are treated with a loving care, there do Thy mercy and Thy grace descend.

नीचों में जो नीच जाति के हैं और उनमें भी अत्यधिक नीच हैं। गुरु नानक कहते हैं, मेरा उन्हीं से संग और साथ है। बड़ों से मेरी क्या तुलना? जहाँ नीचों की अच्छी तरह देख-भाल होती है, भगवन्! वहाँ तेरी कृपा-दृष्टि एवं देन होती है।

ਜੋ ਨੀਚਾਂ ਵਿਚੋਂ ਵੀ ਨੀਚ ਜਾਤੀ ਦੇ ਹੋਣ, ਸਗੋਂ ਅਤਿ ਨੀਚ ਹੋਣ, ਗੁਰੁ ਨਾਨਕ ਸਾਹਿਬ ਕਹਿੰਦੇ ਹਨ ਕਿ ਮੈਂ ਉਨ੍ਹਾਂ ਦਾ ਸੰਗੀ ਸਾਥੀ ਹਾਂ। ਵਡਿਆਂ ਨਾਲ ਮੈਨੂੰ ਕਾਹਦੀ ਰੀਸ? ਜਿਥੇ ਨੀਚਾਂ ਦੀ ਸੰਭਾਲ ਹੁੰਦੀ ਹੈ ਉਥੇ ਹੇ ਪਰਮਾਤਮਾ! ਤੇਰੀ ਮਿਹਰ ਤੇ ਬਖ਼ਸ਼ਸ਼ ਹੈ।

Sri Satguru Jagjit Singh Ji eLibrary NamdhariElibrary@gmail.com

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
(ਮਾਝ ਕੀ ਵਾਰ)

That which belongs to another
Is unlawful like the flesh of pig to the Muslim;
And cow's flesh to the Hindu.
The *Guru* and *Peer* will extend their grace,
If thou refrainest from eating carrion.

दूसरे का हक मारना मुसलमान के लिए सूअर तथा हिंदू के लिए गाय खाने के समान है। गुरु और पीर उसी को अपनाते हैं, जो दूसरे का हक नहीं मारता।

ਹੇ ਨਾਨਕ, ਪਰਾਇਆ ਹੱਕ ਮੁਸਲਮਾਨ ਵਾਸਤੇ ਸੂਰ ਅਤੇ ਹਿੰਦੂ ਵਾਸਤੇ ਗਊ ਦੇ ਨਿਆਈਂ ਹੈ। ਗੁਰੂ ਪੀਰ ਤਾਂ ਸਹਾਇਤਾ ਕਰਦਾ ਹੈ ਜੇ ਕੋਈ ਮੁਰਦਾਰ (ਪਰਾਇਆ ਹੱਕ) ਨਾ ਖਾਏ।

Sri Satguru Jagjit Singh Ji eLibrary NamdhariElibrary@gmail.com

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨ੍ਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
(ਸਿਰੀ ਰਾਗੁ)

We are good at talk, vicious in deeds.
Our minds are black from within, though
we look white from without.

हम बात करने में बहुत अच्छे हैं, लेकिन आचरण में बहुत बुरे। मन तो हमारा अपवित्र और काला है, परन्तु बाहर से हम साफ सुथरे हैं।

ਗੱਲੀਂ ਬਾਤੀਂ ਅਸੀਂ ਚੰਗੇ ਹਾਂ ਪਰ ਆਚਰਨ ਦੇ ਮਾੜੇ ਹਾਂ। ਅੰਦਰੋਂ ਅਸੀਂ ਕਸੂਤੇ ਕਾਲੇ ਹਾਂ ਪਰ ਬਾਹਰੋਂ ਚਿੱਟੇ ਦਿਸਦੇ ਹਾਂ।

Sri Satguru Jagjit Singh Ji eLibrary NamdhariElibrary@gmail.com

ਮਨੁ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
(ਰਾਗ ਸੋਰਠਿ)

Let thy mind be the farmer and deeds be farming; and let thy body be the farm: water it yea, with effort.
Let the Lord's Name be the seed, and contentment be furrowing and let the fence be of humility.

हे मानव ! तू अपने मन को खेतीहर बना तथा कर्मों को खेती। अपने देह को खेत बना तथा परिश्रम के जल से उसे सींच। उसमें (भगवान् के) नाम का बीज बो कर संतोष का सुहागा फेर तथा दीनता एवं नम्रता द्वारा इसकी रक्षा कर।

(ਹੇ ਮਨੁਖ !) ਮਨ ਨੂੰ ਹਾਲੀ ਬਣਾ ਕੇ ਕਿਰਸਾਨੀ ਨੂੰ ਅਪਣਾ ਕਾਰਜ ਬਣਾ, ਤਨ ਨੂੰ ਖੇਤ ਬਣਾ ਕੇ ਮਿਹਨਤ ਦਾ ਪਾਣੀ ਲਗਾ,ਨਾਮ ਦਾ ਬੀਜ ਦੇ ਕੇ ਸੰਤੋਖ ਦਾ ਸੁਹਾਗਾ ਮਾਰ, ਅਤੇ ਨਿਮਰਤਾ ਭਾਵ ਨੂੰ ਇਸ ਦਾ ਰਾਖਾ ਬਣਾ।

Sri Satguru Jagjit Singh Ji eLibrary NamdhariElibrary@gmail.com

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੈ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
(ਰਾਗ ਵਡਹੰਸ)

What shalt thou offer him, O Nanak, who
telleth thee about thy Lord ?
Yea, chop thy head off and make that his seat,
and serve him thou then, surrendering
to him thy head.

गुरु नानक कहते हैं, यदि कोई तुमसे भगवान् की बातें करे, तो तुम उसे क्या दोगे ? अपना सिर काट कर उसके बैठने के लिए आसन बना दो, तथा बिना सिर के (अहंकार त्याग कर) उसकी सेवा करो ।

ਹੇ ਸੱਚੇ ਮਾਲਕ ਜੋ ਤੇਰੀ ਗਲ ਬਾਤ ਦਸੇ (ਗੁਰੂ) ਨਾਨਕ ਜੀ ਕਹਿੰਦੇ ਹਨ ਉਸ ਨੂੰ ਕੀ ਭੇਟ ਕਰੀਏ ? ਆਪਣਾ ਸਿਰ ਕਟ ਕੇ ਉਸਨੂੰ ਬੈਠਣ ਲਈ ਆਸਣ ਦੇਈਏ (ਤੇ ਇਸ ਤਰ੍ਹਾਂ) ਸੀਸ ਤੋਂ ਬਿਨਾਂ (ਆਪਾ ਤਿਆਗ ਕੇ) ਉਸ ਦੀ ਸੇਵ ਕਮਾਈਏ ।

Sri Satguru Jagjit Singh Ji eLibrary NamdhariElibrary@gmail.com

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨ ਗਿਆਨੁ ਨ ਹੋਇ ॥
(ਆਸਾ ਦੀ ਵਾਰ)

As the pitcher holds the water but the pitcher connot be without water.
So the mind is held by wisdom but there can be no wisdom without the Guru.

जैसे घड़े में पड़ा हुआ पानी रहता है, परन्तु पानी के बिना घड़ा नहीं होता। वैसे ही ज्ञान से परिपूर्ण मन स्थिर रहता है, परन्तु बिना गुरु के ज्ञान प्राप्त ही नहीं होता।

ਘੜੇ ਵਿਚ ਪਾਇਆ ਪਾਣੀ ਕਾਇਮ ਰਹਿੰਦਾ ਹੈ ਪ੍ਰੰਤੂ, ਪਾਣੀ ਤੋਂ ਬਿਨਾਂ ਘੜਾ ਨਹੀਂ ਹੋ ਸਕਦਾ । ਇਸੇ ਤਰ੍ਹਾਂ ਗਿਆਨ ਨਾਲ ਬੰਨ੍ਹਿਆ ਮਨ ਕਾਬੂ ਰਹਿੰਦਾ ਹੈ ਪ੍ਰੰਤੂ ਗੁਰੂ ਤੋਂ ਬਿਨਾਂ ਗਿਆਨ ਨਹੀਂ ਹੋ ਸਕਦਾ।

Sri Satguru Jagjit Singh Ji eLibrary NamdhariElibrary@gmail.com

ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥
ਨਾਮੈ ਹੀ ਤੇ ਸਭੁ ਪਰਗਟ ਹੋਵੈ ਨਾਮੈ ਸੋਝੀ ਪਾਈ ॥
(ਸਿਧ ਗੋਸਟਿ)

He alone attaineth Bliss, who's ever absorbed
in His Name;
All become manifest through the Name;
through the Name Wisdom is attained.

नाम में रात-दिन लगा रहने वाला ही मस्ती को प्राप्त होता है तथा नाम से ही सुख है। नाम से ही सब कुछ प्रगट होता है तथा नाम से ही वास्तविक समझ प्राप्त होती है।

ਨਾਮ ਰਸ ਵਿਚ ਰੱਤੇ ਹੋਏ ਤੇ ਰਾਤ ਦਿਨ ਇਸੇ ਰਸ ਵਿਚ ਮਸਤ ਜਗਿਆਸੂ ਪੁਰਸ਼ ਨੂੰ ਹੀ ਨਾਮ ਦੀ ਬਰਕਤ ਨਾਲ ਸੁਖ ਪ੍ਰਾਪਤ ਹੁੰਦਾ ਹੈ। ਨਾਮ ਦੁਆਰਾ ਹੀ ਸਭ ਕੁਝ ਪ੍ਰਗਟ ਹੁੰਦਾ ਹੈ ਤੇ ਨਾਮ ਨਾਲ ਹੀ ਸੋਝੀ ਪ੍ਰਾਪਤ ਹੁੰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਹਰਿ ਬਿਨੁ ਨੀਂਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੁਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥
(ਬਾਰਹ ਮਾਹਾ)

Without my Lord where is sleep and hunger;
the body does not accept clothes.
Nanak, Blessed is the Bride who mergeth in
the Being of her Lord.

बिना भगवान् के नींद और भूख कहाँ ? शरीर पर कपड़ा भी सुख नहीं देता। हे नानक ! सुहागिनी वही है, जो पति के अन्तर में समा जाती है।

ਵਾਹਿਗੁਰੂ ਤੋਂ ਬਿਨਾਂ (ਬਿਰਹੀ ਲਈ) ਨੀਂਦਰ ਤੇ ਭੁੱਖ ਨਹੀਂ ਹੋ ਸਕਦੀ ਤੇ ਨਾਂ ਹੀ ਤਨ ਨੂੰ ਕਪੜਾ ਸੁਖਾਂਦਾ ਹੈ। ਹੇ ਨਾਨਕ, ਕੰਤ ਦੀ ਸੁਹਾਗਣ ਉਹ ਹੈ ਜੋ ਪ੍ਰੀਤਮ ਨਾਲ ਇਕਮਿਕ ਹੋ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥
(ਓਅੰਕਾਰੁ)

The true instruction is to know the Essence of the Word through a pure mind.
Nanak, he alone is wise and learned who weareth the necklace of the Lord's Name.

मन से सत्य को अपनाना ही सच्ची पढ़ाई है तथा 'शब्द' ही उसका निचोड़ है। हे नानक ! वही पढ़ा हुआ तथा वही पण्डित है, जिसने गले में राम नाम का हार पहना हुआ है ।

ਸੱਚੀ ਵਿਦਿਆ ਮਨ ਵਿਚ ਸਚ ਧਾਰਨ ਨਾਲ ਗ੍ਰਹਿਣ ਹੁੰਦੀ ਹੈ ਤੇ ਇਸ ਤਰ੍ਹਾਂ ਪੜ੍ਹਿਆਂ ਹੀ ਸਬਦ ਦਾ ਤਤ-ਭਾਵ ਸਮਝ ਆਉਂਦਾ ਹੈ। ਹੇ ਨਾਨਕ, ਪੜ੍ਹਿਆ ਤੇ ਸਿਆਣਾ ਪੰਡਿਤ ਉਹ ਹੈ ਜਿਸ ਦੇ ਗਲ ਵਿਚ ਰਾਮ ਨਾਮ ਦੀ ਉਸਤਤ ਦਾ ਹਾਰ ਹੈ ।

Sri Satguru Jagjit Singh Ji eLibrary NamdhariElibrary@gmail.com

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥
(ਸਲੋਕ ਵਾਰਾਂ ਤੇ ਵਧੀਕ)

If you desire to perform the act of love (to me)
Come to my lane with your head placed on your palm.
When you tread upon this path, then lay down your head and falter not.

हे जीव ! यदि तुझे प्रेम का खेल खेलने की इच्छा है, तो अपना सिर हथेली पर रख कर मेरी गली में आ। यदि सिर न्यौछावर करने में हिचकिचाहट न हो, तभी इस मार्ग पर पैर रखना [चलना]।

ਜੇ ਤੈਨੂੰ (ਸੱਚਾ) ਪ੍ਰੇਮ ਖੇਡਣ ਦਾ ਚਾਅ ਹੈ ਤਾਂ ਆਪਣਾ ਸਿਰ ਤਲੀ ਤੇ ਰੱਖ ਕੇ ਮੇਰੀ ਗਲੀ ਵਿਚ ਪੈਰ ਰੱਖ। ਇਸ ਰਸਤੇ ਤੇ ਪੈਰ ਰੱਖੀਏ ਤਾਂ ਸਿਰ ਦੇ ਦਈਏ ਪਰ ਪਿਛਾਂਹ ਨ ਹਟੀਏ ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com